# ਬਾਬੇ ਕੇ ਆਈ. ਟੀ. ਆਈ. ਪਿੰਡ ਦੌਧਰ ਵਿਖੇ ਵਿਦਿਆਰਥੀਆਂ ਦੀ ਕਨਵੋਕੇਸ਼ਨ ਹੋਈ

ਬੱਧਨੀ ਕਲਾਂ, 21 ਸਤੰਬਰ (ਮਨੋਜ)-ਸੰਤ ਬਾਬਾ ਨਾਹਰ ਸਿੰਘ ਜੀ ਸੁਨੇਹਰਾਂ ਵਾਲਿਆਂ ਦੇ ਆਸ਼ੀਰਵਾਦ ਨਾਲ ਚਲਦੇ ਬਾਬੇ ਕੇ ਕਾਲਜ ਦੌਧਰ ਵਿਖੇ ਕਨਵੋਕੇਸ਼ਨ ਹੋਈ, ਜਿਸ ਵਿਚ ਆਈ. ਟੀ. ਫਿਜ਼ਿਓਥਰੈਪੀ, ਸੈਨੇਟਰੀ ਇੰਸਪੈਕਟਰ, ਚਾਈਲਡ ਅਤੇ ਓਲਡ ਹੋਮ ਕੇਅਰ ਟੇਕਰ ਆਦਿ ਵੱਖ-ਵੱਖ ਕੋਰਸਾਂ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ, ਜਿਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪੁੱਜੇ ਸ਼੍ਰੀ ਚਮਨ ਲਾਲ ਸਚਦੇਵਾ ਨੇ ਕਿਹਾ ਕਿ ਮਿਹਨਤ ਹਮੇਸ਼ਾਂ ਰੰਗ ਲਿਆਉਂਦੀ ਹੈ।




ਬਾਬੇ ਕੇ ਆਈ. ਟੀ. ਆਈ. ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੰਦੇ ਪ੍ਰਿੰਸੀਪਲ ਤੁੰਗ ਅਤੇ ਹੋਰ ਸ਼ਖ਼ਸੀਅਤਾਂ। (ਮਨੋਜ)

ਸਰਟੀਫਿਕੇਟ ਹਾਸਲ ਕਰ ਕੇ ਹੀ ਅਸਲ ਜੀਵਨ ਦਾ ਕਾਮਯਾਬੀ ਲਈ ਸੰਘਰਸ਼ ਸ਼ੁਰੂ ਹੁੰਦਾ ਹੈ। ਆਈ. ਟੀ. ਆਈ. ਦੇ ਪ੍ਰਿੰਸੀਪਲ ਡਾ. ਅੰਮ੍ਰਿਤਪਾਲ ਸਿੰਘ ਤੁੰਗ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਚੰਗੇਰੇ ਭਵਿੱਖ ਦੀ ਦੁਆ ਕੀਤੀ ਅਤੇ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡਣ ਸਮੇਂ ਮੁੱਖ ਮਹਿਮਾਨ ਚਮਨ ਲਾਲ ਸਚਦੇਵਾ, ਪ੍ਰਿੰਸੀਪਲ ਡਾ. ਅੰਮ੍ਰਿਤਪਾਲ ਸਿੰਘ ਤੁੰਗ, ਡਾ. ਅਸ਼ਰਦੀਪ ਸਿੰਘ, ਪਰਮਵੀਰ ਸਿੰਘ, ਮਨਮੋਹਨ ਸਿੰਘ, ਵਿਦਿਆਰਥੀਆਂ ਦੇ ਮਾਪੇ ਅਤੇ ਪਤਵੰਤੇ ਮੌਜੂਦ ਸਨ।